

Punjabi

Australian Government
Organ and Tissue Authority

# ਦਾਨ, ਪੁਰਾਣ-ਕਥਾਵਾਂ ਅਤੇ ਭੁਲੇਖੇ

ਅੰਗ ਅਤੇ ਤੰਤੂ (Organ ਅਤੇ Tissue) ਅਧਿਕਾਰ ਸੰਸਥਾ ਦੀ ਖੋਜ ਤੋਂ ਪਤਾ ਲਗਦਾ ਹੈ ਕਿ ਆਮ ਪੁਰਾਣ-ਕਥਾਵਾਂ ਅਤੇ ਭੁਲੇਖਿਆਂ ਦੇ ਕਾਰਣ ਆਸਟ੍ਰੇਲੀਅਨ, ਫੈਸਲਾ ਕਰਨ ਜਾਂ ਅੰਗ ਅਤੇ ਤੰਤੂ ਦਾਨ ਕਰਨ ਬਾਰੇ ਗੱਲ ਕਰਨ ਤੋਂ ਝਿਜਕਦੇ ਹਨ।

ਅੰਗ ਅਤੇ ਤੰਤੂ (Organ ਅਤੇ Tissue) ਦਾਨ ਕਰਨ ਦੇ ਫੈਸਲੇ ਤੋਂ ਪਹਿਲਾਂ ਜਰੂਰੀ ਹੈ ਕਿ ਤੁਸੀਂ ਮਹੱਤਵਪੂਰਣ ਤੱਥਾਂ ਦੀ ਖੋਜ ਕਰੋ। ਸਹਾਇਤਾ ਵਾਸਤੇ ਅਸੀਂ ਕੁਝ ਇਕ ਅੰਗ ਅਤੇ ਤੰਤੂ (Organ ਅਤੇ Tissue) ਦਾਨ ਬਾਰੇ ਕਲਪਿਤ ਗਥਾਵਾਂ ਦਾ ਪਰਦਾ ਫਾਸ਼ ਕਰਦੇ ਹਾਂ।

**ਕਲਪਿਤ ਕਹਾਣੀ:** ਇਹ ਮੇਰੀ ਆਪਣੀ ਪਸੰਦ ਹੈ - ਮੈਨੂੰ ਇਸ ਬਾਰੇ ਆਪਣੇ ਪਰਿਵਾਰ ਨਾਲ ਚਰਚਾ ਕਰਨ ਦੀ ਲੋੜ ਨਹੀਂ।

**ਅਸਲੀਅਤ:** ਤੁਹਾਡੇ ਪਰਿਵਾਰ ਨੂੰ ਜਾਨਣ ਦੀ ਆਵੱਸ਼ਕਤਾ ਹੈ। ਉਹ ਤੁਹਾਨੂੰ ਫੈਸਲੇ ਦੀ ਪ੍ਰੋੜਤਾ ਬਾਰੇ ਪੁਛਣਗੇ। ਉਹ ਤੁਹਾਡੇ ਦਾਨ ਦੇ ਹਰ ਕਦਮ ਵਿੱਚ ਸ਼ਾਮਲ ਰਹਿਣਗੇ ਅਤੇ ਉਨ੍ਹਾਂ ਨੂੰ ਤੁਹਾਡੀ ਸਿਹਤ ਦੀ ਅਹਿਮ ਜਾਣਕਾਰੀ ਵਾਸਤੇ ਕਿਹਾ ਜਾਵੇਗਾ - ਭਾਵੇਂ ਤੁਸੀਂ ਆਪਣੇ ਫੈਸਲੇ ਨੂੰ ਰਜਿਸਟਰ ਵੀ ਕਰਵਾ ਦਿਤਾ ਹੈ। ਜੇਕਰ ਤੁਸੀਂ ਦਾਨ ਦੇਣ ਦਾ ਫੈਸਲਾ ਕਰ ਲਿਆ ਹੈ, ਤਾਂ ਤੁਹਾਨੂੰ ਆਪਣੇ ਫੈਸਲੇ ਦੀ ਚਰਚਾ ਆਪਣੇ ਪਰਿਵਾਰ ਨਾਲ ਕਰਨ ਦੀ ਲੋੜ ਹੈ ਤਾਂ ਕਿ ਉਹ ਇਸ ਕਾਰਜ ਦਾ ਹਿੱਸਾ ਹੋਣ ਲਈ ਆਰਾਮਦਾਇਕ (ਸੁਖੀ) ਮਹਿਸੂਸ ਕਰਨ।

**ਪੁਰਾਣ-ਕਥਾ:** ਅੰਗ ਅਤੇ ਤੰਤੂ (Organ ਅਤੇ Tissue) ਦਾਨ ਕਰਨਾ ਮੇਰੇ ਧਰਮ ਦੇ ਵਿਰੁੱਧ ਹੈ।

**ਅਸਲੀਅਤ:** ਲਗਭਗ ਸਾਰੇ ਧਰਮ ਦਿਲੀ ਹਮਦਰਦੀ ਦੇ ਰੂਪ ਵਿਚ ਅੰਗ ਅਤੇ ਤੰਤੂ (Organ ਅਤੇ Tissue) ਦਾਨ ਕਰਨ ਦੀ ਪੁਸ਼ਟੀ ਕਰਦੇ ਹਨ। ਈਸਾਈ, ਇਸਲਾਮ, ਬੁੱਧ ਧਰਮ, ਹਿੰਦੂ ਅਤੇ ਯਹੂਦੀ ਧਰਮ, ਸਾਰੇ ਅੰਗ ਅਤੇ ਤੰਤੂ (Organ ਅਤੇ Tissue) ਦਾਨ ਕਰਨ ਲਈ ਸਹਿਯੋਗ ਦਿੰਦੇ ਹਨ। ਬਹੁਤ ਘੱਟ ਧਰਮ ਨਹੀਂ ਕਰਦੇ। ਮੁੱਖ ਧਰਮਾਂ ਦੀ ਸਥਿਤੀ ਦਾ ਬਿਆਨ www.donatelife.gov.au ਵੈਬਸਾਈਟ ਤੇ ਉਪਲੱਬਧ ਹੈ।

ਆਸਟ੍ਰੇਲੀਅਨ ਨੂੰ ਇਹ ਜਾਣਣ ਦੀ ਲੋੜ ਹੈ ਕਿ ਕੀ ਅੰਗ ਅਤੇ ਤੰਤੂ (Organ ਅਤੇ Tissue) ਦਾਨ ਦੀ ਪ੍ਰਕ੍ਰਿਆ ਜੀਵਨ ਖਤਮ ਹੋਣ ਤੇ ਧਾਰਮਿਕ ਅਤੇ ਸਭਿਆਚਾਰਕ ਲੋੜਾਂ ਦੀ ਪੂਰਤੀ ਕਰ ਸਕਦੀ ਹੈ। ਕੁਝ ਧਰਮ ਜਾਂ ਸਮਾਜ ਦੀ ਲੋੜ ਹੋ ਸਕਦੀ ਹੈ ਕਿ ਮੌਤ ਤੋਂ ਬਾਦ ਮਿਰਤਕ ਨੂੰ ਕੁਝ ਖਾਸ ਸਮੇਂ ਦੇ ਅੰਦਰ ਦਫਨਾਇਆ ਜਾਵੇ ਅਤੇ ਇਸਦੀ ਪੂਰਤੀ ਲਈ ਹਰ ਸੰਭਵ ਯਤਨ ਕੀਤਾ ਜਾਵੇ।

**ਪੁਰਾਣ-ਕਥਾ:** ਮੈਂ ਬਹੁਤ ਬੁੱਢਾ ਹਾਂ ਜਾਂ ਦਾਨ ਕਰਨ ਲਈ ਪੂਰੀ ਤਰਾਂ ਸਿਹਤਮੰਦ ਨਹੀਂ ਹਾਂ।

**ਅਸਲੀਅਤ:** ਬੁਢੇਪਾ ਕੋਈ ਰੁਕਾਵਟ ਨਹੀਂ ਹੈ - ਲੋਕ 70 ਅਤੇ 80 ਸਾਲ ਦੀਆਂ ਉਮਰਾਂ ਵਿੱਚ ਵੀ ਅੰਗ ਅਤੇ ਤੰਤੂ (Organ ਅਤੇ Tissue) ਦਾਨ ਕਰਕੇ ਦੂਜਿਆਂ ਦੀਆਂ ਜਿੰਦਗੀਆਂ ਬਚਾਉਂਦੇ ਹਨ। ਤੁਹਾਨੂੰ ਸੰਪੂਰਣ ਸਿਹਤ ਵਿੱਚ ਹੋਣ ਦੀ ਲੋੜ ਨਹੀਂ ਹੈ। ਜੋ ਲੋਕ ਸਿਗਰਟ ਪੀਂਦੇ ਹਨ, ਨਸ਼ਾ ਪੀਂਦੇ ਹਨ ਜਾਂ ਸਿਹਤਮੰਦ ਭੋਜਨ ਵੀ ਨਹੀਂ ਖਾਂਦੇ, ਉਹ ਵੀ ਦਾਨ ਕਰ ਸਕਦੇ ਹਨ। ਫਿਰ ਵੀ ਹਰੇਕ ਮੌਕਾ ਹੁੰਦਾ ਹੈ ਕਿ ਤੁਹਾਡੇ ਕੁਝ ਅੰਗ ਅਤੇ ਟਿਸ਼ੂ ਦਾਨ ਕਰਨ ਲਈ ਉਚਿਤ ਹੋ ਸਕਦੇ ਹਨ। ਦੇਖਣਯੋਗ ਗਲ ਤਾਂ ਇਹ ਹੈ ਕਿ ਵਿਅਕਤੀ ਦੀ ਮੌਤ ਕਿਵੇਂ ਅਤੇ ਕਿਸ ਤਰਾਂ ਹੋਈ ਹੈ ਅਤੇ ਉਸਦੇ ਅੰਗਾਂ ਅਤੇ ਤੰਤੂਆਂ (Organ ਅਤੇ Tissue) ਦੀ ਹਾਲਤ ਕੀ ਹੈ। ਆਪਣੇ ਆਪ ਨੂੰ ਬਾਹਰ ਨਾ ਕੱਢੋ - ਆਪਣੇ ਆਪ ਨੂੰ ਗਿਣਤੀ ਵਿਚ ਰੱਖੋ।

**ਪੁਰਾਣ-ਕਥਾ:** ਮੈਨੂੰ ਯਕੀਨ ਨਹੀਂ ਕਿ ਮੈਂ ਰਜਿਸਟਰ ਹਾਂ ਜਾਂ ਨਹੀਂ ਅਤੇ ਇਸ ਦੀ ਜਾਂਚ-ਪੜਤਾਲ ਦਾ ਰਸਤਾ ਵੀ ਨਹੀਂ ਹੈ।

**ਅਸਲੀਅਤ:** ਤੁਸੀਂ ਜਾਂਚ-ਪੜਤਾਲ ਕਰ ਸਕਦੇ ਹੋ ਅਤੇ ਆਪਣੇ ਵੇਰਵੇ ਆਸਟ੍ਰੇਲੀਅਨ ਰਜਿਸਟਰ donorregister.gov.au ਤੇ ਅੱਪਡੇਟ (ਰਜਿਸਟਰ) ਰਜਿਸਟਰ ਕਰੋ, 1800 777 203 ਤੇ ਫੋਨ ਕਰੋ ਜਾਂ ਆਪਣੇ ਲੋਕਲ ਸੇਵਾ ਕੇਂਦਰ ਵਿੱਚ ਜਾਓ। ਆਸਟ੍ਰੇਲੀਆ ਵਿੱਚ ਤੁਸੀਂ ਆਪਣੇ ਅੰਗਾਂ ਵਿੱਚੋਂ ਦਿਲ, ਫੇਫੜੇ, ਜਿਗਰ, ਗੁਰਦੇ ਅਤੇ ਪਾਚਕ (Pancreas), ਅਤੇ ਤੰਤੂ (Tissue); Heart Valves ਅਤੇ Pericardium, Corneal ਅਤੇ Eye Tissue, Bone ਅਤੇ ਸੰਬੰਧਿਤ Musculoskeletal Tissue ਅਤੇ Skin Tissue ਦਾਨ ਕਰ ਸਕਦੇ ਹੋ। ਅਸਟ੍ਰੇਲੀਅਨ ਡੋਨਰ ਰਜਿਸਟਰ ਵਿੱਚ ਤੁਸੀਂ ਦਾਨ ਕਰਨ ਵਾਲੇ ਅੰਗਾਂ ਅਤੇ ਤੰਤੂਆਂ ਦਾ ਵੇਰਵਾ ਦੇ ਸਕਦੇ ਹੋ।

**ਪੁਰਾਣ-ਕਥਾ:** ਮੇਰੇ ਪਾਸ ਮੈਡੀਕੇਅਰ ਨੰਬਰ ਨਹੀਂ ਹੈ ਇਸ ਲਈ ਮੈਂ ਡੋਨਰ ਬਣਨ ਵਾਸਤੇ ਰਜਿਸਟਰ ਨਹੀਂ ਹੋ ਸਕਦਾ।

**ਅਸਲੀਅਤ:** ਆਸਟ੍ਰੇਲੀਅਨ ਓਰਗਨ ਡੋਨਰ ਰਜਿਸਟਰ ਉਤੇ ਨਾਮ ਰਜਿਸਟਰ ਕਰਾਉਣ ਵਾਸਤੇ ਤੁਹਾਨੂੰ ਆਸਟ੍ਰੇਲੀਅਨ ਨਾਗਰਿਕ ਹੋਣਾ ਜਰੂਰੀ ਨਹੀਂ ਜਾਂ ਓਰਗਨ ਅਤੇ ਟਿਸ਼ੂ ਦਾਨ ਕਰਨ ਵਾਸਤੇ ਤੁਹਾਡੇ ਕੋਲ ਮੈਡੀਕੇਅਰ ਨੰਬਰ ਹੋਣਾ ਜਰੂਰੀ ਨਹੀਂ ਹੈ।

**ਪੁਰਾਣ-ਕਥਾ:** ਮੇਰੇ ਓਰਗਨ ਅਤੇ ਟਿਸ਼ੂ ਖੋਜ ਕਰਨ ਵਾਸਤੇ ਵਰਤੇ ਜਾਣਗੇ।

**ਅਸਲੀਅਤ:** ਓਰਗਨ ਦਾਨ ਦੂਸਰੇ ਲੋਕਾਂ ਨੂੰ ਬਚਾਉਣ ਵਿੱਚ ਸਹਾਇਤਾ ਜਾਂ ਲੋਕਾਂ ਦੇ ਜੀਵਨ ਵਿੱਚ ਸੁਧਾਰ ਕਰਨ ਲਈ ਹੁੰਦਾ ਹੈ। ਦਾਨ ਕੀਤੇ ਅੰਗ ਅਤੇ ਤੰਤੂ ਮੈਡੀਕਲ ਖੋਜ ਵਾਸਤੇ ਕਦੇ ਨਹੀਂ ਵਰਤੇ ਜਾਂਦੇ ਜਦ ਤੱਕ ਤੁਹਾਡੇ ਪਰਿਵਾਰ ਵਲੋਂ ਲਿਖਤੀ ਆਗਿਆ ਨਹੀਂ ਦਿਤੀ ਜਾਂਦੀ।

**ਪੁਰਾਣ-ਕਥਾ:** ਅੰਗ ਅਤੇ ਤੰਤੂ ਦਾਨ ਕਰਨ ਨਾਲ ਸਰੀਰ ਦਾ ਢਾਂਚਾ ਖਰਾਬ ਹੋ ਜਾਂਦਾ ਹੈ।

**ਅਸਲੀਅਤ:** ਅੰਗ ਦਾਨ ਕਰਨ ਵੇਲੇ ਵਿਸ਼ੇਸ਼ ਕਿਸਮ ਦੀ ਸਰਜਰੀ ਹੁੰਦੀ ਹੈ ਅਤੇ ਸਰੀਰ ਦਾ ਢਾਂਚਾ ਖਰਾਬ ਨਹੀਂ ਹੁੰਦਾ। ਅੰਗ ਅਤੇ ਤੰਤੂ ਲੈਣ ਵਾਸਤੇ ਬਹੁਤ ਹੀ ਹੁਨਰਮੰਦ ਸਿਹਤ ਪੇਸ਼ਾਵਰ ਹੁੰਦੇ ਹਨ। ਕਾਰਵਾਈ ਸਮੇਂ ਜਿਹੜਾ ਸਰਜੀਕਲ ਚੀਰਾ ਦਿਤਾ ਜਾਂਦਾ ਹੈ ਉਸਨੂੰ ਦੂਜੇ ਓਪਰੇਸ਼ਨ ਵਾਂਗ ਬੰਦ ਕੀਤਾ ਅਤੇ ਢਕਿਆ ਜਾਂਦਾ ਹੈ ਅਤੇ ਕਪੜਿਆਂ ਹੇਠ ਉਹ ਦਿਖਾਈ ਨਹੀਂ ਦਿੰਦਾ ਦਾਨੀ ਦੇ ਸਰੀਰ ਦੀ ਸੰਭਾਲ ਬਹੁਤ ਹੀ ਮਾਣ ਅਤੇ ਸਤਿਕਾਰ ਨਾਲ ਕੀਤੀ ਜਾਂਦੀ ਹੈ।

**ਪੁਰਾਣ-ਕਥਾ:** ਜੇਕਰ ਮੈਂ ਅੰਗ ਦੇਣ ਵਾਸਤੇ ਨਾਮ ਦਰਜ ਕਰਵਾਇਆ ਹੈ ਤਾਂ ਡਾਕਟਰ ਮੇਰੀ ਜ਼ਿੰਦਗੀ ਨੂੰ ਬਚਾਉਣ ਲਈ ਸਖਤ ਕੋਸ਼ਿਸ਼ ਨਹੀਂ ਕਰਨਗੇ।

**ਅਸਲੀਅਤ:** ਡਾਕਟਰ ਦੀ ਸੱਭ ਤੋਂ ਪਹਿਲੀ ਕੋਸ਼ਿਸ਼ ਹੋਵੇਗੀ ਤੁਹਾਡੀ ਜ਼ਿੰਦਗੀ ਬਚਾਉਣੀ। ਤੁਹਾਡੀ ਜਿੰਦਗੀ ਨੂੰ ਬਚਾਉਣਾ ਮੈਡੀਕਲ ਸਟਾਫ - ਸਿਹਤ ਸਟਾਫ, ਡਾਕਟਰਾਂ ਅਤੇ ਨਰਸਾਂ ਦੀ ਪ੍ਰਾਥਮਿਕ ਕੋਸ਼ਿਸ਼ ਹੋਵੇਗੀ ਜੋ ਲੋਕਾਂ ਦੀਆਂ ਜ਼ਿੰਦਗੀਆਂ ਬਚਾਉਣ ਵਾਸਤੇ ਸਖਤ ਕੋਸ਼ਿਸ਼ ਕਰਦੇ ਹਨ। ਅੰਗ ਅਤੇ ਤੰਤੂ ਦਾਨ ਬਾਰੇ ਓਦੋਂ ਹੀ ਵਿਚਾਰ ਕੀਤਾ ਜਾਂਦਾ ਹੇ ਜਦੋਂ ਇਹ ਸਪਸ਼ਟ ਹੋ ਜਾਵੇ ਕਿ ਵਿਅਕਤੀ ਮਰ ਚੁੱਕਾ ਹੈ ਜਾਂ ਇਸਦੀ ਮੌਤ ਯਕੀਨੀਂ ਹੈ, ਉਸ ਸਮੇਂ ਆਸਟ੍ਰੇਲੀਅਨ ਓਰਗਨ ਦਾਨ ਰਜਿਸਟਰ ਵੀ ਚੈਕ ਕੀਤਾ ਜਾਵੇਗਾ।

**ਪੁਰਾਣ-ਕਥਾ:** ਬਹੁਤ ਲੋਕ ਦਾਨ ਕਰਨ ਵਾਲੇ ਹਨ ਇਸ ਲਈ ਮੈਨੂੰ ਇਸ ਬਾਰੇ ਸੋਚਣ ਦੀ ਲੋੜ ਨਹੀਂ ।

**ਅਸਲੀਅਤ:** ਡੋਨੇਸ਼ਨ ਇਕ ਬਹੁਤ ਹੀ ਦੁਰਲੱਭ ਘਟਨਾਂ ਹੈ - ਹਸਪਤਾਲ ਵਿੱਚ ਮਰਨ ਵਾਲਿਆਂ ਵਿੱਚੋਂ ਕੇਵਲ 1% ਹੀ ਅੰਗ ਦਾਨ ਕਰਨ ਦੀ ਆਗਿਆ ਦਿੰਦੇ ਹਨ। ਕਿਸੇ ਸਮੇਂ ਵੀ ਦੇਖਿਆ ਜਾਵੇ ਤਾਂ 1600 ਲੋਕ ਉਡੀਕ ਸੂਚੀ ਵਿੱਚ ਹੁੰਦੇ ਹਨ। ਉਹ ਹਰ ਸੰਭਾਵੀ ਦਾਨੀ ਤੇ ਭਰੋਸਾ ਕਰ ਰਹੇ ਹਨ ਜਿਨ੍ਹਾਂ ਨੇ ਫੈਸਲਾ ਕੀਤਾ ਹੈ ਅਤੇ ਆਪਣੇ ਪਰਿਵਾਰ ਦੇ ਨਾਲ ਇਸ ਬਾਰੇ ਚਰਚਾ ਕੀਤੀ ਸੀ।

ਇਕ ਅੰਗ ਅਤੇ ਤੰਤੂ (Organ ਅਤੇ Tissue) ਦਾਨ ਕਰਨ ਵਾਲਾ ਕਈਆਂ ਦੇ ਜੀਵਨ ਬਦਲ ਸਕਦਾ ਅਤੇ ਜ਼ਿੰਦਗੀਆਂ ਬਚਾ ਸਕਦਾ ਹੈ। ਇਨ੍ਹਾਂ ਵਿਰਲੀਆਂ, ਅਚਾਨਕ ਅਤੇ ਅਨਚਾਹੀਆਂ ਮੌਤਾਂ ਵਿੱਚੋਂ ਅਧਿਕਤਰ ਮੌਤਾਂ ਵੈਨਟੀਲੇਟਰ ਉਤੇ, ਹਸਪਤਾਲ ਦੇ ਐਮਰਜੰਸੀ ਵਿਭਾਗ ਜਾਂ ਗੰਭੀਰ ਹਾਲਤ ਵਿੱਚ ਦੇਖਭਾਲ ਕਰਨ ਵਾਲੀ ਇਕਾਈ ਵਿੱਚ ਹੁੰਦੀਆਂ ਹਨ। ਹਰ ਸੰਭਾਵੀ ਅੰਗ ਦਾਨ ਨੂੰ ਅਨੁਕੂਲ ਬਨਾਉਣ ਲਈ ਅਸੀਂ ਚਹੁੰਦੇ ਹਾਂ ਕਿ ਹਰ ਆਸਟਰੇਲੀਅਨ ਪਰਿਵਾਰ ਫੈਸਲਾ ਕਰੇ ਅਤੇ ਆਪਣੇ ਇਸ ਦਾਨ ਕਰਨ ਦੇ ਫੈਸਲੇ ਦਾ ਆਪਣੇ ਪਿਆਰਿਆਂ ਨਾਲ ਚਰਚਾ ਕਰੇ।

**ਪੁਰਾਣ-ਕਥਾ:** ਮੈਂ ਚੋਣ ਕਰ ਸਕਦਾ ਹਾਂ ਕਿ ਮੇਰਾ ਅੰਗ ਅਤੇ ਤੰਤੂ (Organ ਅਤੇ Tissue) ਕੌਣ ਲਵੇਗਾ।

**ਅਸਲੀਅਤ:** ਸਫਲ ਟਰਾਂਸਪਲਾਂਟ ਨਤੀਜਿਆਂ ਵਿੱਚ ਆਸਟਰੇਲੀਆ ਸੰਸਾਰ ਭਰ ਵਿਚ ਮੋਹਰੀ ਹੈ। ਅੰਗ, ਪ੍ਰਾਪਤ ਕਰਤਾ ਨੂੰ ਨਿਰਪੱਖ ਅਤੇ ਬਰਾਬਰੀ ਦੀ ਪ੍ਰਕ੍ਰਿਆ ਨਾਲ ਵੰਡੇ ਜਾਂਦੇ ਹਨ, ਜੋ ਕਿ ਨਸਲ, ਧਰਮ, ਲਿੰਗ, ਸਮਾਜਿਕ ਸਥਿਤੀ, ਅਪੰਗਤਾ, ਰਹਿਤ ਨਿਰਧਾਰਤ ਕੀਤੇ ਜਾਂਦੇ ਹਨ। ਉਮਰ - ਜਦ ਤੱਕ ਕਿ ਉਮਰ ਅੰਗ - ਮੇਲ ਮਾਪਦੰਡ ਨਾਲ ਸੰਬੰਧਿਤ ਹੋਵੇ। ਉਡੀਕ ਸੂਚੀਆਂ ਦਾ ਪ੍ਰਬੰਧ ਵੱਖ ਵੱਖ ਗਰੁੱਪਾਂ ਦੁਆਰਾ ਸ਼ਾਮਲ ਅੰਗ ਅਤੇ ਰਾਜ ਜਾਂ ਇਲਾਕੇ ਅਨੁਸਾਰ ਕੀਤਾ ਜਾਂਦਾ ਹੈ ਜਿਥੇ ਪ੍ਰਾਪਤ ਕਰਤਾ ਸਥਿਤ ਹੋਵੇ। ਆਸਟਰੇਲੀਆ, ਅੰਗ ਅਤੇ ਟਿਸ਼ੂ ਦੀ ਵੰਡ ਬਾਰੇ ਸਖਤ ਦਿਸ਼ਾ ਨਿਰਦੇਸ਼ ਰੱਖਦਾ ਹੈ। ਆਸਟਰੇਲੀਆ ਅਤੇ ਨਿਊਜੀਲੈਂਡ ਦੀ ਟਰਾਂਸਪਲਾਂਟ ਸੁਸਾਇਟੀ (TSANZ) ਨੇ ਓਰਗਨ ਟਰਾਂਸਪਲਾਂਟੇਸ਼ਨ ਦੀ ਵਿਕਸਤ ਦਿਸ਼ਾ ਬਣਾਈ ਹੈ, ਮਿਰਤਕ ਦਾਨੀ ਦੇ ਅੰਗ: ਯੋਗਤਾ ਮਾਪਦੰਡ 'ਤੇ ਸਹਿਮਤੀ ਦੇ ਬਿਆਨ ਅਤੇ ਵੰਡ ਪਰੋਟੋਕਾਲ ਅਨੁਸਾਰ ਹਨ।

**ਪੁਰਾਣ-ਕਥਾ:** ਅੰਗ ਅਤੇ ਤੰਤੂ (Organ ਅਤੇ Tissue) ਦੀ ਤਸਕਰੀ ਆਸਟ੍ਰੇਲੀਆ ਵਿੱਚ ਆਮ ਹੈ।

**ਅਸਲੀਅਤ:** ਕੁਝ ਲੋਕ ਗੈਰ ਕਾਨੂੰਨੀ ਅੰਗ ਤਸਕਰੀ ਬਾਰੇ ਚਿੰਤਾ ਕਰਦੇ ਹਨ ਜਾਂ ਇਸ ਦਾ ਗਿਆਨ ਹੈ ਕਿ ਅਜਿਹਾ ਉਨ੍ਹਾਂ ਦੇ ਘਰੋਗੀ ਦੇਸ਼ ਵਿੱਚ ਹੁੰਦਾ ਹੈ। ਮਨੁੱਖੀ ਜੀਵ ਦੀ ਅੰਗ ਵਪਾਰ ਲਈ ਪਦਾਰਥ ਦੇ ਤੌਰ ਤੇ ਵਰਤੋਂ ਕਰਨੀ ਗੈਰ-ਕਨੂੰਨੀ ਹੈ ਅਤੇ ਆਸਟ੍ਰੇਲੀਆ ਵਿੱਚ ਗੈਰ-ਕਨੂੰਨੀ ਰਹੇਗਾ।

ਆਸਟ੍ਰੇਲੀਆ ਵਿੱਚ ਰਾਜ ਅਤੇ ਇਲਾਕੇ ਵਿੱਚ ਵਪਾਰ ਵਾਸਤੇ ਜਾਂ ਅੰਗ ਵੇਚਣ ਵਾਸਤੇ ਜਾਂ ਜਿਥੇ ਅੰਗਾਂ ਨੂੰ ਹਟਾਉਣ ਲਈ ਕੋਈ ਸਹਿਮਤੀ ਨਹੀਂ ਦਿਤੀ ਹੁੰਦੀ, ਕਨੂੰਨੀ ਅਪਰਾਧੀਕਰਣ ਹੈ।

ਰਾਸ਼ਟਰਮੰਡਲ ਦੇ ਅੰਗ ਤਸਕਰੀ ਕਾਨੂੰਨ ਅਨੁਸਾਰ ਲੋਕਾਂ ਦੇ ਅੰਗਾਂ ਲੋਕਾਂ ਦੇ ਅੰਗਾਂ ਨੂੰ ਗੈਰ-ਕਨੂੰਨੀ ਤਰੀਕੇ ਨਾਲ ਕੱਢਣ ਦੇ ਇਰਾਦੇ ਨਾਲ ਆਸਟ੍ਰੇਲੀਆ ਅੰਦਰ ਲੈ ਕੇ ਆਉਣਾ, ਬਾਹਰ ਲੈ ਕੇ ਜਾਣਾ, ਜਾਂ ਆਸਟ੍ਰੇਲੀਆ ਦੇ ਅੰਦਰ ਆਵਾਜਾਈ ਕਰਨੀ ਅਵੈਧ ਹੈ। ਆਸਟ੍ਰੇਲੀਆ ਵਿੱਚ ਅੰਗ ਅਤੇ ਤੰਤੂ (Organ ਅਤੇ Tissue) ਦੇ ਦਾਨ ਲਈ ਕੋਈ ਵਿੱਤੀ ਪ੍ਰੋਤਸਾਹਨ ਨਹੀਂ ਦਿਤਾ ਜਾਂਦਾ। ਆਸਟਰੇਲੀਆ ਦੇ ਕਾਨੂੰਨ ਦੀ ਬੁਨਿਆਦ ਨੈਤਿਕ ਚਿੰਤਾਵਾਂ ਤੇ ਰੱਖੀ ਗਈ ਹੈ, ਆਰਥਿਕ ਉਤਸ਼ਾਹ ਦੇਣ ਨਾਲ ਅੰਗ ਦਾਨ ਕਰਨ ਵਾਲਿਆਂ ਉਤੇ ਦਬਾ ਪਾਇਆ ਜਾ ਸਕਦਾ ਹੈ ਅਤੇ ਗਰੀਬ ਅਤੇ ਕਮਜੋਰ ਵਰਗ ਦੇ ਲੋਕਾਂ ਦਾ ਜਬਰਦਸਤੀ ਉਪਯੋਗ ਕੀਤਾ ਜਾ ਸਕਦਾ ਹੈ।

**ਖੋਜ ਕਰੋ:** ਅੰਗ ਅਤੇ ਤੰਤੂ ਦਾਨ ਬਾਰੇ ਖੋਜ ਕਰੋ।

**ਫੈਸਲਾ ਕਰੋ:** ਦਾਨ ਦੇਣ ਬਾਰੇ ਫੈਸਲਾ ਕਰੋ

**ਚਰਚਾ ਕਰੋ:** ਆਪਣੇ ਨੇੜੇ ਦੇ ਲੋਕਾਂ ਨਾਲ ਆਪਣੇ ਫੈਸਲੇ ਦੀ ਚਰਚਾ ਕਰੋ।

ਹੋਰ ਜਾਣਕਾਰੀ ਜਾਂ ਆਪਣੇ ਫੈਸਲੇ ਨੂੰ ਆਸਟ੍ਰੇਲੀਅਨ ਓਰਗਨ ਡੋਨਰ ਰਜਿਸਟਰ ਵਿਚ ਦਰਜ ਕਰਾਉਣ ਵਾਸਤੇ **www.donatelife.gov.au** ਤੇ ਜਾਓ।